ੴ ਸਤਿਗੁਰ ਪ੍ਰਸਾਦਿ, ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਜੁਗੋ ਜੁਗੋ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਸਾਲ 2008

# ਸਾਰੇ ਜਨਮ ਗੁਰੂ ਦੇ ਨਾਲ

ਡਾ: ਬਲਵੰਤ ਸਿੰਘ

ਧੰਨੁ ਧੰਨੁ ਪਰਗਟ ਗੁਰਾਂ ਕੀ ਦੇਹ, ਸਬਦਾਵਤਾਰ, ਗੁਰੂ ਨਾਨਕ ਦੀ ਜਾਗਦੀ ਜੋਤਿ, ਦਸ ਗੁਰੂ ਸਾਹਿਬਾਨ ਦੀ ਆਤਮਿਕ ਜੋਤਿ, ਗੁਰ ਪ੍ਰਮੇਸਰ ਜੀਓ!

ਅਸੀਂ ਸੰਸਾਰੀ ਜੀਵ, ਅਜੂਨੀ ਨਹੀਂ ਹਾਂ, ਅਸੀਂ ਕਈ ਜਨਮਾਂ ਵਿਚ ਪੈਣਾਂ ਹੈ, ਸਤਿਗੁਰੂ ਸੱਚੇ ਪਾਤਿਸ਼ਾਹ ਜੀ ਤੇਰੀ ਸ਼ਰਨ ਇਤਨੀ ਸੁਖਦਾਈ, ਅਨੰਦ ਪੂਰਣ ਅਤੇ ਨੌ ਨਿਧੀਆਂ ਅਠਾਰਾਂ ਸਿਧੀਆਂ ਬਖਸ਼ਣ ਵਾਲੀ ਹੈ, ਹੋਰ ਕੋਈ ਢੋਈ ਨਹੀਂ ਜਿਹੜੀ ਸਾਨੂੰ ਇਤਨੇ ਸੁਖ ਦੇ ਸਕੇ। ਇਹ ਮਨੁਖਾ ਜਨਮ ਮਿਲਿਆ ਹੈ ਜੋ ਸਭ ਤੋਂ ਦੁਰਲੱਭ ਹੈ ਅਤੇ ਇਹ ਜ਼ਰੂਰੀ ਨਹੀਂ ਅਗਲਾ ਜਨਮ ਹੀ ਅਜਿਹਾ ਹੋਏਗਾ। ਹੁਣ ਥੋੜੀ ਬਹੁਤੀ ਸ਼ੁਧ ਬੁਧ ਹੈ ਸੋਚ ਸਕਣ ਦੀ ਹੈ ਸੋ ਸਾਡੀ ਬੇਨਤੀ ਹੈ ਕਿ ਆਉਣ ਵਾਲੇ ਜਨਮ ਭੀ ਤੇਰੀ ਸਰਣ ਵਿਚ ਹੀ ਬੀਤਣ, ਭਾਵੇਂ ਜਿਹੜੀ ਭੀ ਜੂਨ ਵਿਚ ਹੋਈਏ। ਸੱਚੇ ਪਾਤਿਸ਼ਾਹ ਇਹ ਸਾਡੀ ਅਰਜ਼ ਜ਼ਰੂਰ ਪਰਵਾਨ ਕਰ ਲਈਂ। ਤੇਰੇ ਤੋਂ ਬਿਨਾਂ ਹੋਰ ਕੌਣ ਹੈ ਜੋ ਸਾਰੇ ਦੁਖ ਦੂਰ ਕਰ ਦਿੰਦਾ, ਕੋਈ ਬਿਘਨ ਨਹੀਂ ਪੈਣ ਦਿੰਦਾ ਅਤੇ ਬਹੁਤ ਜਲਦੀ ਸਾਰੇ ਸੁਖ ਦੇ ਦੇਂਦਾ ਹੈ। ਸੱਚੇ ਪਾਤਿਸ਼ਾਹ ਇਹ ਸਾਡੀ ਪੁਕਾਰ ਸੁਣ ਲਈਂ।

ਕੀ ਮਾਤਾ, ਪਿਤਾ, ਭਾਈ, ਬੰਧਪ, ਨਾਰ, ਪੁੱਤਰ ਅਤੇ ਧੀਆਂ ਇਨ੍ਹੇ ਸੁਖ ਦੇ ਸਕਦੇ ਹਰ ਵਕਤ ਹਰ ਥਾਂ ਸਹਾਈ ਹੋ ਸਕਦੇ ਹਨ? ਇਹ ਸਾਥ ਦੇ ਭੀ ਲੈਣ ਤਾਂ ਕੀ ਐਡੇ ਸਮਰਥ ਹਨ ਕੀ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਤੇ ਕਿਸੇ ਕਿਸਮ ਦਾ ਡਰ, ਫਿਕਰ ਹੀ ਨਾਂ ਰਹੇ। ਤੇਰੇ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਜੋ ਇਸ ਦੁਨੀਆਂ ਦਾ ਮਾਲਕ ਹੋਵੇ ਅਤੇ ਸਾਨੂੰ ਆਪਣਾ ਦਾਸ ਬਣਾ ਲਵੇ। ਤੇਰੇ ਤੋਂ ਬਿਨਾਂ ਕੋਈ ਨਹੀਂ ਹੋਰ, ਸਖਾ, ਨਿਕਟ ਵਰਤੀ ਅਤੇ ਸੁਖਦਾਈ।

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ ਪੰਨਾਂ:੧੦੩॥

ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥
ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥
ਪੰਨਾਂ: ੧੧੪੪॥

ਕੀ ਕਿਸੇ ਬੰਦੇ ਦੇ ਸਾਰੇ ਡਰ ਦੂਰ ਹੋ ਗਏ ਹਨ, ਬੰਦਾ ਤਾਂ ਹਰ ਵਕਤ ਕਿਸੇ ਨਾ ਕਿਸੇ ਡਰ ਵਿਚ ਘਿਰਿਆ ਹੋਇਆ ਹੀ ਰਹਿੰਦਾ ਹੈ? ਪਤਾ ਨਹੀਂ ਅਗਲੀ ਘੜੀ ਕਿਹੋ ਜਿਹੀ ਹੋਣੀ ਹੈ ਕਿਧਰੇ ਕੋਈ ਭੀ ਗਾਰੰਟੀ ਨਹੀਂ ਦੇ ਸਕਦਾ ਇਹ ਸੰਸਾਰ ਸਾਰਾ ਹੀ ਆਸਾਰ ਹੈ।ਇਨਸਾਨ ਨੂੰ ਹਰ ਵਕਤ ਅਨਿਸ਼ਚਤਾ ਨੇ ਘੇਰ ਰੱਖਿਆ ਹੈ । ਸਿਰਫ ਤੇਰਾ ਆਸਰਾ ਹੀ ਸਾਰੇ ਡਰ ਦੂਰ ਕਰ ਸਕਦਾ ਹੈ, ਹੋਰ ਸੰਸਾਰਕ ਸ਼ਕਤੀਆਂ ਬੰਦੇ ਨੂੰ ਨਿਰਭਓ ਨਹੀਂ ਬਣਾ ਸਕਦੀਆਂ। ਜਦ ਤੂੰ ਵੱਲ ਹੈ ਡਰ ਕਾਹਦਾ, ਵਾਲ ਭੀ ਵਿੰਗਾ ਨਹੀਂ ਹੋ ਸਕਦਾ ਕਿਉਂਕਿ ਜਿਥੇ ਤੇਰੀ ਮਿਹਰ ਹੁੰਦੀ ਹੈ ਉਥੇ ਕਰਤਾ ਪੁਰਖੁ ਖੜਾ ਹੁੰਦਾ ਹੈ, ਤੇਰੇ ਭਗਤਾਂ ਦੀ ਚਰਨ ਧੂੜ ਪਰਸਣ ਨਾਲ ਸਭ ਕੁਝ ਮਿਲਦਾ ਹੈ, ਸਾਰੇ ਪਾਪ ਅਤੇ ਦੁਖ ਨਾਸ ਹੋ ਜਾਂਦੇ ਹਨ। ਤੂੰ ਸਦਾ ਦਇਆਲ ਹੈ ਅਤੇ ਸ਼ਰਣ ਬਖਸ਼ ਦਿੰਦਾ ਹੈ।

ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥
ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥ ਪੰਨਾਂ:੬੨੩॥
॥ ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥
ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥ ਪੰਨਾਂ:੬੧੫

ਦੁਨੀਆ ਦਾ ਕੋਈ ਬੰਦਾ ਅਜਿਹਾ ਨਹੀਂ ਜਿਸ ਵਿਚ ਅਉਗਣ ਨਾਂ ਹੋਣ, ਹਰ ਇਕ ਆਂਪਣੀ ਅਸਲੀਅਤ ਜਾਣਦਾ ਹੈ ਅਤੇ ਬਹੁਤੀ ਵਾਰ ਇਹ ਦੁਨੀਆਂ ਤੋਂ ਛੁਪੀ ਰਹਿੰਦੀ ਹੈ। ਹਰ ਕੋਈ ਆਦਮੀ ਹੋਰ ਕਿਸੇ ਬਾਰੇ ਪੂਰਾ ਪੂਰਾ ਨਹੀਂ ਜਾਣਦਾ ਜਦ ਕੋਈ ਖਾਮੀ ਕਿਸੇ ਵਿਚ ਨਜ਼ਰ ਆਉਂਦੀ ਹੈ ਤਾਂ ਉਸ ਨਾਲ ਮਿਲ ਵਰਤਣ ਬੰਦ ਕਰ ਦਿੰਦਾ ਹੈ। ਪਰ ਸਿਰਫ ਤੂੰ ਹੀ ਹੈ ਕਿ ਸਭਨਾਂ ਵਿਚ ਬੈਠਕੇ ਸਭਨਾਂ ਬਾਰੇ ਹਰ ਵਕਤ ਦੀ ਜਾਣਕਾਰੀ ਰੱਖਦਾ ਹੈ। ਜਿਹੜੇ ਤੇਰੀ ਸ਼ਰਨ ਵਿਚ ਆ ਜਾਂਦੇ ਹਨ ਉਹਨਾਂ ਦੇ ਪੜ੍ਹਦੇ ਢਕ ਲੈਂਦਾ ਹੈਂ, ਸਾਰੇ ਗੁਨਾਹ ਮੁਆਫ ਕਰ ਦਿੰਦਾ ਹੈਂ। ਕਦੇ ਭੀ ਅਉਗਣਾਂ ਨੂੰ ਚਿਤਾਰਦਾ ਨਹੀਂ ਅਤੇ ਬੰਦਿਆਂ ਨੂੰ ਜ਼ਲੀਲ ਨਹੀਂ ਹੋਣਾਂ ਪੈਂਦਾ। ਸਕਾ ਮਾਂ ਬਾਪ ਭੀ ਇਸਤਰ੍ਹਾ ਨਹੀਂ ਕਰ ਸਕਦੇ, ਜਿਸਤਰ੍ਹਾਂ ਤੂੰ ਬੜੇ ਖਿਆਲ ਅਤੇ ਪੂਰੀ ਫੁਰਤੀ ਨਾਲ ਸਾਡੀਆਂ ਲੋੜਾ ਪੂਰੀਆਂ ਕਰਦਾ ਹੈ ਅਤੇ ਕਦੇ ਕੋਈ ਦੇਰੀ ਨਹੀਂ ਹੁੰਦੀ ਕਿਧਰੇ ਕੋਈ ਆਲਸ ਅਣਗਹਿਲੀ ਨਹੀਂ ਕਰਦਾ। ਸਦਾ ਹਰ ਇਕ ਦੇ ਨੇੜੇ ਹੋ ਕੇ ਵਰਤਦਾ ਹੈ।

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥ ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥
ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ ॥ ਪੰਨਾਂ:੧੧੧੭॥
॥ ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥ ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥ ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ ਪੰਨਾਂ:੧੧੦੧॥

ਹਰ ਕਿਸਮ ਦੇ ਕੰਮ ਲਈ ਵੱਖਰੀ ਵੱਖਰੀ ਪੜ੍ਹਾਈ ਹੈ ਕੋਈ ਦੁਨੀਆਂ ਵਿਚ ਬੰਦਾ ਨਹੀਂ ਜਿਸਨੂੰ ਹਰ ਇਕ ਚੀਜ਼ ਬਾਰੇ ਪੂਰੀ ਪੂਰੀ ਜਾਣਕਾਰੀ ਹੋਵੇ। ਇਸੇ ਕਰਕੇ ਤੁਹਾਡੀ ਮੱਦਦ ਉਹੋ ਇਨਸਾਨ ਕਰ ਸਕਦਾ ਹੈ ਜਿਸਨੂੰ ਤੁਹਾਡੀਆਂ ਕਮੀਆਂ ਅਤੇ ਲੋੜਾਂ ਪਤਾ ਹੋਣ। ਹੇ ਗੁਰੂ, ਤੂੰ ਸਭ ਕੁਝ ਜਾਣਦਾਂ ਹੈ, ਹਰ ਕੰਮ ਵਿਚ ਤੂੰ ਨਿਕਟ ਹੋ ਕੇ ਮੱਦਦ ਕਰ ਦਿੰਦਾਂ ਹੈ ਤੇਰੇ ਸਾਰੇ ਕੰਮਾਂ ਵਿਚ ਪੂਰਨਤਾ ਹੈ, ਕੋਈ ਕਮੀਂ ਨਹੀਂ ਹੈ।ਜਿਥੇ ਜਿਥੇ ਤੇਰੇ ਸੇਵਕ ਤੈਨੂੰ ਯਾਦ ਕਰਦੇ ਹਨ ਤੂੰ ਸਭਨਾਂ ਦੀ ਸੁਣ ਕੇ ਉਸੇ ਵਕਤ ਫੌਰੀ ਕਾਰਜ ਰਾਸ ਕਰ ਦਿੰਦਾ ਹੈ। ਅਜਿਹਾ ਹੋਰ ਕੌਣ ਹੋ ਸਕਦਾ ਹੈ? ਇਸੇ ਕਰਕੇ ਤੇਰੇ ਸੇਵਕਾਂ ਵਾਸਤੇ ਤੇਰਾ ਸੁਨੇਹਾ ਹੈ ਕਿ ਆਰਾਮ ਨਾਲ ਬੈਠੋ, ਕੋਈ ਚਿੰਤਾ ਨਾਂ ਕਰੋ ਤੇਰੇ ਵਿਰੋਧੀ ਅਤੇ ਦੋਖੀ ਸਤਿਗੁਰੂ ਜੀ ਨੇ ਆਪ ਹੀ ਮਾਰ ਦੇਣੇ ਹਨ। ਸਤਿਗੁਰੂ ਨੇ ਖੁਦ ਆਪ ਆਣਕੇ ਤੇਰੇ ਸਾਰੇ ਕਾਰਜ ਆਪ ਅਤਿ ਸੁੰਦਰ ਅਤੇ ਸੁਚੱਜੇ ਤਰੀਕੇ ਨਾਲ ਨੇਪਰੇ ਚਾੜ੍ਹ ਦੇਣੇ ਹਨ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥ ਪੰਨਾਂ:੪੦੩

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥

ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥ ਪੰਨਾਂ:੨੦੧

ਹਰ ਇਨਸਾਨ ਦੇ ਕਈ ਵਿਰੋਧੀ ਈਰਖਾ ਕਰਨ ਵਾਲੇ ਇਨਸਾਨ ਮਿਲ ਜਾਂਦੇ ਹਨ, ਆਦਮੀ ਹਰ ਵੇਲੇ ਇਹੋ ਯਤਨ ਵਿਚ ਰੁੱਝਾ ਰਹਿੰਦਾ ਹੈ ਕਿ ਕੋਈ ਉਸਦਾ ਵਿਰੋਧੀ ਉਸਦਾ ਨੁਕਸਾਨ ਨਾਂ ਕਰ ਦੇਵੇ, ਤੁਹਾਡੇ ਲੱਖ ਯਤਨ ਭੀ ਵਿਰੋਧੀ ਦੀ ਈਰਖਾ ਅਤੇ ਸਾੜਾ ਨਹੀਂ ਦੂਰ ਕਰ ਸਕਦੇ। ਸਾਰੀਆਂ ਲੜਾਈਆਂ ਝਗੜਿਆਂ ਦਾ ਮੂਲ਼ ਕਾਰਣ ਇਹੋ ਹੀ ਹੈ। ਵੱਡੇ ਵੱਡੇ ਰਾਜੇ ਅਤੇ ਦੁਨੀਆਂ ਦੇ ਪਾਤਸ਼ਾਹਾ ਅਜਿਹੇ ਪ੍ਰੇਸ਼ਾਨੀਆਂ ਨੂੰ ਦੂਰ ਨਹੀਂ ਕਰ ਸਕੇ ਅਤੇ ਨਾ ਚਾਹੁੰਦੇ ਹੋਏ ਭੀ ਲੜਾਈਆਂ ਅਤੇ ਦੰਗੇ ਫਸਾਦਾਂ ਵਿਚ ਘਿਰ ਜਾਂਦੇ ਹਨ। ਜਦ ਤੂੰ ਚਾਹੇਂ ਤਾਂ ਵੈਰੀ ਭੀ ਸਾਡਾ ਕੁਝ ਭੀ ਵਿਗਾੜ ਨਹੀਂ ਸਕਦੇ ਅਤੇ ਅਖੀਰ ਹਾਰ ਕੇ ਸ਼ਰਣ ਵਿਚ ਆ ਜਾਂਦੇ ਹਨ ਅਤੇ ਨੇੜਤਾ ਜਾਂ ਦੋਸਤੀ ਭਾਲਦੇ ਹਨ। ਤੇਰੇ ਦਾਸ ਨੂੰ ਕਿਸੇ ਦੀ ਅਧੀਨਗੀ ਨਹੀਂ ਕਰਨੀ ਪੈਂਦੀ। ਤੇਰੇ ਮੁਆਫ ਕੀਤੇ ਗੁਨਾਹਾਂ ਦਾ ਹਿਸਾਬ ਕੋਈ ਹੋਰ ਲੈ ਹੀ ਨਹੀਂ ਸਕਦਾ। ਸਾਰੇ ਕਾਰਜ ਸਵਾਰ ਦਿੰਦਾ ਹੈ ਜਿਹਨੂੰ ਤੂੰ ਪਿਆਰ ਕਰਦਾ ਹੈ। ਅਜਿਹਾ ਤੂੰ ਹੀ ਕਰ ਸਕਦਾ ਹੈ, ਹੇ ਸੱਚੇ ਪਾਤਿਸ਼ਾਹ।

**॥੩॥ ਪਉੜੀ ॥ ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥** ਪੰਨਾਂ:੧੦੯੬

ਹਰ ਇਨਸਾਨ ਤੇ ਮੁਸੀਬਤਾ ਆਉਂਦੀਆਂ ਹਨ ਅਤੇ ਉਸਦੇ ਨਾਂ ਚਾਹੁਣ ਤੇ ਭੀ ਅਕਸਰ ਆ ਹੀ ਜਾਂਦੀਆ ਹਨ। ਕੋਈ ਬੰਦਾ ਕਦੇ ਭੀ ਦੁਖ ਨਹੀਂ ਮੰਗਦਾ ਪਰ ਫਿਰ ਭੀ ਦੁਖ ਆ ਹੀ ਜਾਂਦੇ ਹਨ। ਜੇ ਤੂੰ ਆਪਣੀ ਸ਼ਰਨ ਕਿਸੇ ਨੂੰ ਬਖਸ਼ ਦੇਵੇਂ ਤਾਂ ਉਹ ਅਉਖੀ ਘੜੀ ਨਹੀਂ ਦੇਖਦਾ ਉਸਨੂੰ ਹੱਥ ਦੇ ਕੇ ਰੱਖ ਲੈਂਦਾ ਹੈ। ਹਰ ਸਾਹ ਤੇਰੇ ਹੁਕਮ ਵਿਚ ਆਉਂਦਾ ਹੈ ਹਰ ਪਲ ਸਭ ਦੀ ਸੰਭਾਲ ਕਰਦਾ ਹੈਂ। ਆਪਣੇ ਸੇਵਕਾਂ ਨੂੰ ਬਿਨਾਂ ਸਾਹਵਾਂ ਦੇ ਭੀ ਹੱਥ ਦੇ ਕੇ ਰੱਖਦਾ ਹੈ। ਅਜਿਹੀ ਸ਼ਕਤੀ ਸਿਰਫ ਤੇਰੇ ਵਿਚ ਹੈ ਹੋਰ ਕੋਈ ਬੰਦਾ ਜਾਂ ਸਾਇੰਸ ਭੀ ਨਹੀਂ ਰੱਖ ਸਕਦੇ ਕਿਉਂਕਿ ਤੂੰ ਸਰਬ ਸ਼ਕਤੀਮਾਨ ਹੈ ਅਤੇ ਸਰਬ ਕਲਾ ਸੰਪੂਰਨ ਹੈਂ।

**ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧ ॥** ਪੰਨਾਂ:੬੮੨

ਤੂੰ ਅਤਿ ਸੁੰਦਰ ਹੈ ਤੇਰੇ ਵਰਗਾ ਕੋਈ ਹੋਰ ਸੁਹਣਾ ਨਹੀਂ ਹੈ। ਜਿਹਨਾਂ ਤੇ ਤੂੰ ਨਦਰ ਕਰਦਾਂ ਹੈ ਉਹਨਾਂ ਨੂੰ ਤੇਰੇ ਦਰਸ਼ਨ ਦੀਦਾਰੇ ਹੁੰਦੇ ਹਨ ਫਿਰ ਉਹਨਾਂ ਨੂੰ ਦੁਨੀਆਂ ਦੀ ਸੁੰਦਰਤਾ ਬੇਰੱਸੀ ਨਜ਼ਰ ਆਉਂਦੀ ਹੈ। ਆਮ ਆਦਮੀ ਤੇਰੀ ਕਿਰਪਾ ਤੋਂ ਬਿਨਾਂ ਦੁਨੀਆਂ ਦੇ ਫਿੱਕੇ ਸਵਾਦਾਂ, ਝੂਠੀ ਸੁੰਦਰਤਾ ਦੇ ਪਿੱਛੇ ਲੱਗ ਕੇ ਅੰਧੇਰੇ ਵਿਚ ਧੱਕੇ ਖਾਂਦੇ ਰਹਿੰਦੇ ਹਨ ਅਤੇ ਮਨੁਖਾਂ ਜਨਮ ਐਂਵੇਂ ਹੀ ਬੀਤ ਜਾਂਦਾ ਹੈ। ਤੂੰ ਸਭਨਾਂ ਵਿਚ ਹਾਜ਼ਰ ਹੈ ਅਤੇ ਸਭਨਾਂ ਦੇ ਨੇੜੇ ਹੈ, ਤੂੰ ਸਭ ਕੁਝ ਦੇਖਦਾ ਹੈ ਪਰ ਨਜ਼ਰ ਨਹੀਂ ਆਉਂਦਾ। ਸਾਰਾ ਸੰਸਾਰ ਤੇਰਾ ਆਪਣਾ ਤਾਂ ਹੈ ਸਾਰੇ ਜੀਵ ਜੰਤ ਤੇਰੇ ਪੈਦਾ ਕੀਤੇ ਹੋਏ ਹਨ, ਤੂੰ ਕਰਤਾ ਹੈ ਤੂੰ ਪੁਰਖੁ ਹੈ। ਦੁਨੀਆਂ ਤੇਰੇ ਕਰਕੇ ਸ਼ੋਭਦੀ ਹੈ। ਦੁਨੀਆਂ ਦੀ ਸਭ ਸੁੰਦਰ ਚੀਜ਼ਾਂ ਤੇਰਾ ਕਰਕੇ ਹੀ ਸ਼ੋਭਦੀਆਂ ਹਨ, ਤੇਰੇ ਭਗਤਾਂ ਨੂੰ ਤੇਰੇ ਬਰਾਬਰ ਹੋਰ ਕੁਝ ਭੀ ਸੁੰਦਰ ਨਹੀਂ ਲਗਦਾ।

## ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥
## ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥ ਪੰਨਾਂ:੫੨੭

ਜੋ ਤੇਰੀ ਸ਼ਕਤੀ ਅਤੇ ਬਖਸ਼ਿਸ਼, ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਦੇ ਸੇਵਾਦਾਰਾਂ ਨੇ ਦੇਖੀ ਹੈ ਅਤੇ ਅਨੰਦ ਮਾਣਿਆ ਹੈ ਉਹ ਹਰ ਇਕ ਦੇ ਭਾਗਾਂ ਵਿਚ ਨਹੀਂ ਆਉਂਦੀ। ਸਾਰੀ ਸਾਰੀ ਉਮਰ ਕਈ ਇਸੇ ਕੰਮ ਵਿਚ ਲੱਗੇ ਰਹਿੰਦੇ ਹਨ ਉਹਨਾਂ ਦੇ ਭਾਗਾਂ ਵਿਚ ਇਹ ਬਖਸ਼ਿਸ਼ ਨਹੀਂ ਹੁੰਦੀ। ਹੇ ਸਤਿਗੁਰੂ ਜੀ, ਤੂੰ ਸਾਰੀ ਦੁਨੀਆਂ ਦਾ ਮਾਲਕ ਹੈਂ, ਤੇਰੇ ਹੀ ਬਣਾਏ ਹੋਏ ਸਾਰੇ ਧਰਮ ਨੇ, ਸਾਰੇ ਇਨਸਾਨ ਜੀਵ ਜੰਤ ਤੇਰੇ ਆਪਣੇ ਹਨ, ਤਾਂ ਕਿਉਂ ਸਾਰੇ ਉਮਰ ਲੋਕਾਂ ਨੂੰ ਕਰੋੜਾਂ ਵਹਿਮਾਂ, ਭਰਮਾਂ, ਗ੍ਰਿਹਾਂ ਦਾ ਚੱਕਰ, ਤੀਰਥਾਂ ਦਾ ਭ੍ਰਮਣ, ਭੁੱਖੇ ਰਹਿਣਾਂ, ਸਰੀਰ ਨੂੰ ਕਸ਼ਟ ਦਿੰਦੇ ਰਹਿਣਾ; ਜੀਵਾਂ ਦੀ ਹੱਤਿਆ ਨਾ ਹੋ ਜਾਵੇ ਕਿਧਰੇ ਕੰਘੀ ਨਾਲ ਜੂੰਆਂ ਮਾਰਨੀਆਂ ਪੈਣ ਇਸ ਕਰਕੇ ਸਿਰ ਮੁੰਡਾ ਲੈਣਾਂ, ਪਹਿਲਾਂ ਝਾੜੂ ਫੇਰਕੇ ਮਗਰ ਮਗਰ ਇਕ ਲਾਈਨ ਤੇ ਤੁਰਨਾਂ ਤਾਂ ਜੋ ਕਿਧਰੇ ਕੋਈ ਜੀਵ ਪੈਰਾਂ ਥੱਲੇ ਆ ਕੇ ਜਾਨ ਨਾਂ ਗਵਾ ਬੈਠੇ; ਸੰਨਿਆਸ ਧਾਰਨ ਕਰਨਾਂ, ਜੋਗੀ ਬਣ ਜਾਣਾ, ਭੁਜੰਗਮ ਬਣ ਜਾਣਾਂ ਤੇ ਹੋਰ ਕਈ ਸਾਰੀ ਦੁਨੀਆਂ ਦੇ ਕਰਮ ਕਾਂਡ ਬਣਾ ਦਿੱਤੇ ਹਨ, ਇਹ ਸਾਰੇ ਤੇਰੇ ਹੁਕਮ ਵਿਚ ਨੇ। ਇਹ ਕਿਉਂ ਸਾਰੇ ਉਮਰ ਭਟਕਦੇ ਰਹਿੰਦੇ ਹਨ ਤੂੰ ਆਪ ਹੀ ਖਵਾਰ ਕਰਦਾ ਹੈ ਅਤੇ ਵਿਛੋੜਦਾ ਹੈ। ਮੇਰੇ ਸਾਹਿਬਾ ਤੇਰੇ ਚੋਜ ਵਿਡਾਣੇ ਹਨ। ਤੂੰ ਸਿੱਖਾਂ ਨੂੰ ਕਿੰਨ੍ਹਾਂ ਰੱਖ ਲਿਆ ਹੇ ਅਤੇ ਇਹਨਾਂ ਭਰਮ ਜਾਂਲਾਂ ਤੋਂ ਬਚਾ ਲਿਆ ਹੈ, ਤੇਰਾ ਸਿੱਖ ਕਿੰਨਾਂ ਸੁਤੰਤਰ ਹੈ ਇਸਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹੋ ਗੱਲ ਸਵਰਗਵਾਸੀ ਸਵਾਮੀ ਸ਼੍ਰੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਨੇ ਕਹੀ ਕਿ ਸਰਵੋਤਮ ਗ੍ਰੰਥ, ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਪੰਥ, ਖਾਲਸਾ ਪੰਥ। ਇਸ ਮਹਾਨ ਕਰਮ ਯੋਗੀ, ਅਸਲ ਗੁਰਮਤਿ ਦੇ ਧਾਰਨੀ ਨੇ ਸਾਰੇ ਵੇਦ ਸ਼ਾਸ਼ਤਰ ਪੜ੍ਹੇ, ਇਹਨਾ ਨੂੰ ਧਾਰਨ ਕੀਤਾ ਪਰ ਜਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਮਿਲੀ ਤਾਂ ਵੇਦ ਸ਼ਾਸ਼ਤਰ ਨਿਗੂਣੇ ਅਤੇ ਨਿਰਾਰਥਕ ਲੱਗੇ ਅਤੇ ਸ਼੍ਰੀ ਗੁਰੂ ਸਾਹਿਬ ਜੀ ਨੂੰ ਆਪਣਾ ਪਰਮ ਗੁਰੂ ਧਾਰਨ ਕੀਤਾ ਅਤੇ ਆਪ ਭੀ ਪੂਰਨ ਕੇਸਾ ਧਾਰੀ ਪਗੜੀ ਬੰਨ ਕੇ ਸਿੱਖ ਸਜ ਗਏ। ਆਪਣੇ ਹੋਰ ਸਾਥੀਆਂ ਵਾਸਤੇ ਲਿਖਤੀ ਸੁਨੇਹਾ ਭੀ ਇਕ ਹਿੰਦੀ ਦੀ ਕਿਤਾਬ ਵਿਚ ਦੇ ਗਏ। ਜਿਸ ਦੇ ਤਿੰਨੇ ਸਰੂਪ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ, ਧਰਮ ਪਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਤੋਂ ਮਿਲ ਸਕਦੇ ਹਨ।

ਸਤਿਗੁਰੂ ਜੀ ਕਿਧਰੇ ਆਮ ਲੋਕ ਗਲਤ ਨਾਂ ਸਮਝ ਲੈਣ ਕਿ ਕਿਉਂਕਿ ਇਸ ਲੇਖ ਦਾ ਲਿਖਾਰੀ ਸਿੱਖ ਹੈ ਅਤੇ ਇਸੇ ਕਰਕੇ ਸਿੱਖ ਕੌਮ ਸਭ ਤੋਂ ਵੱਧ ਖੁਸ਼ ਕਿਸਮਤ ਹੈ ਅਤੇ ਵਡਭਾਗੀ ਹੈ ਜਿਨ੍ਹਾ ਨੂੰ ਵਿਰਸੇ ਵਿਚੋਂ ਤੁਹਾਡੀ ਸ਼ਰਨ ਲੈਣ ਦੀ ਸੋਝੀ ਮਿਲੀ ਹੈ। ਇਸ ਨੂੰ ਸਾਬਤ ਕਰਨ ਲਈ ਠੋਸ ਸਬੂਤ ਹਨ ਅਤੇਂ ਅੰਕੜੇ ਦੱਸ ਰਹੇ ਹਨ ਕਿ ਕਿਸੇ ਭੀ ਧਰਮ ਦੇ ਮੰਨਣ ਵਾਲੇ ਇਹ ਨਹੀਂ ਦੇਖ ਸਕੇ ਕਿ ਕੈਂਸਰ, ਕਈ ਹੋਰ ਆਟੋ ਇਮਉਨ ਬੀਮਾਰੀਆਂ ਅਤੇ ਸਾਰੀਆਂ ਬੀਮਾਰੀਆ ਜਿੰਨਾਂ ਦਾ ਇਲਾਜ਼ ਸੰਭਵ ਜਾਂ ਅਸੰਭਵ ਹੋਵੇ, ਸਾਰਿਆਂ ਨੂੰ ਹੀ ਆਰਾਮ ਆ ਸਕੇ। ਸਾਰੇ ਮਰੀਜ਼ ਬਿਲਕੁਲ ਤੰਦਰਸੁਤ ਹੋ ਜਾਣ ਅਤੇ ਆਰਾਮ ਭੀ ਬਹੁਤ ਤੇਜ਼ੀ ਨਾਲ ਅਤੇ ਸੰਪੂਰਨ ਆਵੇ। ਇਸ ਬਾਰੇ ਭੁਲੇਖੇ ਦੀ ਗੱਲ ਨਹੀਂ ਸਗੋਂ ਹਰ ਵਾਰ ਜਿਥੇ ਕਿਥੇ ਭੀ ਖਾਸ ਵਿਧੀ ਅਪਨਾਈ ਗਈ ਹੈ ਉਥੇ ਉਥੇ ਹਰ ਥਾਂ ਇਕੋ ਜਿਹਾ ਨਿਸ਼ਚਤ ਅਤੇ ਪੂਰਨ ਆਰਾਮ ਆ ਰਿਹਾ ਹੈ। ਸਾਡੀ ਇਹ ਪਰਖ ਪਿਛਲੇ 21 ਸਾਲਾਂ ਤੋਂ ਲਗਾਤਾਰ ਚਾਲੂ ਹੈ ਅਸੀ ਦੇਸ਼ ਵਿਦੇਸ਼ ਜਾ ਕੇ ਇਹੋ ਵਿਧੀ ਅਪਨਾਈ ਹੈ ਜਿਹਦੇ ਵਿਚ ਕੇਵਲ ਸਿੱਖ ਨਹੀਂ ਸਗੋਂ ਨੈਰੋਬੀ ਵਿਖੇ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਭੀ ਆਰਾਮ ਆਉਂਦਾ ਦੇਖਿਆ ਹੈ ਅਤੇ ਇਹ ਵਿਧੀ ਜੋ ਗੁਰਮਤਿ ਦੇ ਆਧਾਰਿਤ ਹੈ ਜਿਸ ਕਿਸੇ ਨੇ ਭੀ ਮੰਨੀ ਹੈ ਉਸਨੂੰ ਪੂਰਾ ਪੂਰਾ ਲਾਹਾ ਮਿਲਿਆ ਹੈ।

### ਗੁਰਮਤਿ ਵਿਧੀ ਹੈ:

- ਸ਼੍ਰੀ ਗੁਰੂ ਸਾਹਿਬ ਦੇ ਇਕ ਇਕ ਅੱਖਰ ਦਾ ਸਤਿਕਾਰ ਕਰਨਾਂ ਅਤੇ ਅਖੀਰਲਾ ਸੱਚ ਮੰਨ ਲੈਣਾਂ ਹੈ।{ ਬਹੁਤੇ ਸਿੱਖ ਕਹਿੰਦੇ ਹਨ ਕਰਦੇ ਨਹੀਂ ਹਨ} ਪ੍ਰਮੇਸਰ ਸਮਝ ਕੇ ਹਰ ਰੋਜ ਜੋ ਚਾਹੀਦਾ ਹੈ ਮੰਗਣਾਂ ਹੈ, ਕੋਈ ਸ਼ਰਮ ਨਹੀਂ ਕਰਨੀ ਉਹ ਸਭ ਕੁਝ ਦੇਣ ਦੇ ਸਮਰਥ ਹੈ, ਜੇ ਤੁਸੀਂ ਗੁਰੂ ਦਾ ਆਸਰਾ ਲਓਗੇ ਤਾਂ ਤੁਹਾਡੀਆਂ ਮੰਗਾਂ ਭੀ ਨਿਰਮਲ ਹੋ ਜਾਣਗੀਆਂ। ਪਰ ਮੰਗਣ ਲੱਗੇ ਸੰਗਣਾਂ ਨਹੀਂ।

- ਗੁਰਦੁਆਰੇ ਜਾਣਾਂ ਸੰਗਤ ਹਰ ਰੋਜ਼ ਕਰਨੀ ਇਹ ਗੁਰੂ ਜੀ ਨੂੰ ਭਾਉਂਦਾ ਹੈ।
- ਗੁਰਬਾਣੀ ਨੂੰ ਕੰਠ ਕਰਨਾਂ ਹੈ ਜਿੰਨਾਂ ਹੋ ਸਕੇ, ਕੰਠ ਕਰਨ ਲਈ ਸ਼ੁਧ ਉਚਾਰਣ ਕਰਨਾਂ ਬਹੁਤ ਜ਼ਰੂਰੀ ਹੈ। ਗੁਰਬਾਣੀ ਨੂੰ ਸ਼ੁਧ ਸਰੂਪ ਵਿਚ ਪੜ੍ਹਣਾਂ, ਲਿਖਣਾਂ, ਜਪਣਾਂ ਅਤੇ ਗਾਉਣਾਂ ਹੈ। ਗਾਉਣ, ਪੜ੍ਹਨ ਲੱਗਿਆਂ ਧਿਆਨ ਅੱਖਰਾਂ ਵੱਲ ਰੱਖਣਾਂ ਹੈ ਅਤੇ ਆਪਣਾ ਬੋਲਿਆ ਆਪ ਹੀ ਸੁਨਣਾਂ ਹੈ।
- ਗੁਰਬਾਣੀ ਨੂੰ ਵਿਚਾਰਨਾਂ ਅਤੇ ਹਰ ਰੋਜ਼ ਕੋਸ਼ਿਸ਼ ਕਰਨੀ, ਜੋ ਸਿਖਿਆ ਦਿੱਤੀ ਗਈ ਹੈ ਉਸ ਅਨੁਸਾਰ ਆਪਣਾ ਜੀਵਨ ਢਾਲਣਾਂ ਹੈ।

**ਅਨੋਖੀ ਨਾਮ ਦੀ ਦਵਾਈ ਜੋ ਤੁਸੀਂ ਸਾਰੀ ਦੁਨੀਆਂ ਨੂੰ ਦਿੱਤੀ ਹੈ ਉਸਦੀਆਂ ਕੁਝ ਵਿਸ਼ੇਸ਼ਤਾਈਆਂ ਇਹ ਹਨ:**

- ਖਿਨਾਂ ਵਿਚ ਸਾਰੇ ਦੁਖ ਰੋਗ ਸੰਤਾਪ ਮਿਟਾਅ ਦਿੰਦੀ ਹੈ।
- ਇਤਨ੍ਹੀ ਸੁਖਦਾਇਕ ਹੈ ਕਿ ਸੁਪਨੇ ਵਿਚ ਭੀ ਦੁਖ ਯਾਦ ਨਹੀਂ ਆਉਂਦੇ।
- ਇਹ ਦਵਾਈ ਹਰ ਇਕ ਜੀਵ ਜੰਤੂ ਅੰਦਰ ਮੌਜੂਦ ਹੈ, ਸਾਰੇ ਹੀ ਇਸ ਦਵਾਈ ਨਾਲ ਭਰਪੂਰ ਹਨ।
- ਪਰ ਦਵਾਈ ਹਰ ਕੋਈ ਨਹੀਂ ਵਰਤ ਸਕਦਾ। ਇਸ ਨੂੰ ਖਾਣ ਦੀ ਵਿਧੀ ਜਾਂ ਕੁੰਜੀ ਪੂਰੇ ਗੁਰੂ ਕੋਲ ਹੈ। ਸੋ ਪੂਰੇ ਗੁਰੂ ਦੀ ਸ਼ਰਣ ਵਿਚ ਜਾਣਾਂ ਜ਼ਰੂਰੀ ਹੈ। ਪੂਰੇ ਗੁਰੂ ਕੋਲੋਂ ਹੀਂ ਸਾਰੇ ਵਿਸਥਾਰ ਅਤੇ ਸੰਜਮ ਪਤਾ ਲਗਦੇ ਹਨ। ਪੂਰਾ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਹੋਰ ਕੋਈ ਨਹੀਂ।
- ਪੂਰਾ ਗੁਰੂ, ਜਿਸਨੂੰ ਮਿਲ ਜਾਂਦਾ ਹੈ ਉਹ ਫਿਰ ਕਦੇ ਦੁਖੀ ਹੋ ਹੀ ਨਹੀਂ ਸਕਦਾ।

ਪਉੜੀ ॥ ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥
ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥ ਹਰਿ ਅਉਖਧੁ ਸਭ
ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ ॥
ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥ ਪੰਨਾਂ:੨੫੯॥

ਸਾਰਾ ਸੰਸਾਰ ਤੇਰੀ ਨਾਮ ਰੂਪੀ ਦਵਾਈ ਤੋਂ ਬਿਨਾਂ ਤੜਫ ਰਿਹਾ ਹੈ, ਜਿਹਨਾਂ ਨੂੰ ਇਹ ਦਵਾਈ ਬਾਰੇ ਸੋਝੀ ਮਿਲੀ ਹੈ ਉਹਨਾਂ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਇਹ ਦਵਾਈ ਸਾਰੇ ਸੰਸਾਰ ਨੂੰ ਬਿਨ੍ਹਾਂ ਦੇਰੀ ਦੇ ਪਹੁੰਚਾਈ ਜਾਵੇ। ਸਤਿਗੁਰੂ ਜੀ, ਤੁਸੀਂ ਆਪ ਹੀ ਆਸਰਾ ਬਖਸ਼ੋ ਕਿ ਅਸੀਂ ਇਹ ਕਾਰਜ਼ਂ ਕਰ ਸਕੀਏ, ਤੇਰੀ ਮਿਹਰ ਬਖਸ਼ਿਸ਼ ਤੋਂ ਬਿਨ੍ਹਾਂ ਇਹ ਹੋ ਨਹੀਂ ਸਕਣਾਂ। ਸਾਡੇ ਵਾਸਤੇ ਸਤਿਗੁਰੂ ਜੀ ਇਹੋ ਹੀ ਸਭ ਤੋਂ ਉੱਤਮ ਤਰੀਕਾ ਹੈ ਜਿਹਦੇ ਰਾਹੀਂ ਅਸੀਂ ਤੇਰੇ 300 ਸਾਲਾ ਗੁਰਤਾ ਗੱਦੀ ਦੇ ਸਾਲ 2008 ਨੂੰ ਸਮਰਪਿਤ ਕਰ ਸਕੀਏ।